## ਜੇ ਤੁਸੀਂ ਇਸ ਬਾਰੇ ਖ਼ੁੱਸ਼ ਨਹੀਂ ਹੋ ਕਿ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਿਆ ਗਿਆ ਹੈ, ਸਾਂਝਿਆਂ ਕੀਤਾ ਗਿਆ ਹੈ ਜਾਂ ਤੁਹਾਨੂੰ ਦੱਸਿਆ ਗਿਆ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ

ਜਾਣਕਾਰੀ ਲੈਣ ਲਈ ਕੀਤੀ ਗਈ ਬੇਨਤੀ ਲਈ ਜੇ ਸਾਡੇ ਜਵਾਬ ਨਾਲ ਤੁਸੀਂ ਖ਼ੁੱਸ਼ ਨਹੀਂ ਹੋ, ਜਾਂ ਜੇ ਅਸੀਂ ਤੁਹਾਡੀ ਜਾਣਕਾਰੀ ਕਿਸ ਤਰ੍ਹਾਂ ਵਰਤੀ, ਸਾਂਝੀ ਕੀਤੀ ਹੈ ਤਾਂ ਤੁਸੀਂ ਉਸ ਜਗ੍ਹਾ ਦੇ ਮੈਨੇਜਰ ਨਾਲ ਸੰਪਰਕ ਕਰੋ, ਜਿੱਥੋਂ ਤੁਹਾਨੂੰ ਕੇਅਰ ਮਿਲੀ ਸੀ।
ਜੇ ਤੁਸੀਂ ਅਜੇ ਵੀ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਰਸਮੀ ਤੌਰ ਤੇ ਇਸ ਪਤੇ ਤੇ ਸ਼ਿਕਾਇਤ ਕਰ ਸਕਦੇ ਹੋ ਜਾਂ ਰਾਇ ਦੇ ਸਕਦੇ ਹੋ:

ਫ਼ੋਨ: ਇਸ ਨੰਬਰ ਤੇ ਮੁੱਫ਼ਤ ਫ਼ੋਨ ਕਰੋ **0800 7834839**

ਪੋਸਟ: **Consumer Relations** (**ਕੰਨਜ਼ਿਊਮਰ ਰਿਲੇਸ਼ਨਜ਼**)
FREEPOST RLSH-BBHX-ZRRU
Trust HQ
EastONE
22 Commercial St
London E1 6LP

ਜੇ ਤੁਹਾਡੀ ਸ਼ਿਕਾਇਤ ਦਾ ਕੋਈ ਸਮਾਧਾਨ ਨਹੀਂ ਹੋ ਸਕਿਆ ਤਾਂ ਫਿਰ ਤੁਹਾਨੂੰ ਇੰਨਫ਼ੌਰਮੇਸ਼ਨ ਕਮਿਸ਼ਨਰਜ਼ ਔਫ਼ਿਸ ਨਾਲ ਇਸ ਪਤੇ ਤੇ ਸੰਪਰਕ ਕਰਨੇ ਦਾ ਪੂਰਾ ਹੱਕ ਹਾਸਲ ਹੈ।

ਵੈਬਸਾਈਟ: http://www.ico.gov.uk/

ਪੋਸਟ: **Information Commissioner's Office**
Wycliffe House
Water Lane, Wilmslow, Cheshire. SK9 5AF

Tel: **01625 545700**

**January 2013**



# ਤੁਹਾਡੇ ਰਿਕੌਰਡ ਅਤੇ ਤੁਸੀਂ

## ਸਰਵਿਸ ਵਰਤਣ ਵਾਲਿਆਂ ਲਈ ਜਾਣਕਾਰੀ



**ਇਸ ਲੀਫ਼ਲੈੱਟ ਵਿਚ ਸਮਝਾਇਆ ਗਿਆ ਹੈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਵਰਤਦੇ ਜਾਂ ਸਾਂਝੀ ਕਰਦੇ ਹਾਂ, ਤੁਸੀਂ ਇਸਨੂੰ ਕਿਸ ਤਰ੍ਹਾਂ ਹਾਸਲ ਕਰ ਸਕਦੇ ਹੋ ਅਤੇ ਜੇ ਤੁਸੀਂ ਖ਼ੁੱਸ਼ ਨਹੀਂ ਹੋ ਕਿ ਅਸੀਂ ਇਸ ਨਾਲ ਕਿਸ ਤਰ੍ਹਾਂ ਨਿਪਟਦੇ ਹਾਂ ਤਾਂ ਤੁਸੀਂ ਕੀ ਕਰ ਸਕਦੇ ਹੋ।**

East London NHS
NHS Foundation Trust

## ਤੁਹਾਡੀ ਦੇਖਭਾਲ ਕਰਨੀ

### ਅਸੀਂ ਕਿਹੋ ਜਿਹੀ ਜਾਣਕਾਰੀ ਰਿਕੌਰਡ ਕਰਦੇ ਹਾਂ ?

**ਅਸੀਂ ਜਿਹੜੀ ਜਾਣਕਾਰੀ ਰਿਕੌਰਡ ਕਰਦੇ ਹਾਂ ਉਸ ਵਿਚ ਇਹ ਸ਼ਾਮਿਲ ਹੁੰਦੇ ਹਨ:**

- ਤੁਹਾਡਾ ਨੈਸ਼ਨਲ ਹੈਲਥ ਸਰਵਿਸ (NHS) ਨੰਬਰ
- ਤੁਹਾਡੇ ਨਾਲ ਅਤੇ ਤੁਹਾਡੇ ਪਰਿਵਾਰ ਦੇ ਦੂਸਰੇ ਮੈਂਬਰਾਂ ਨਾਲ ਸੰਪਰਕ ਕਰਨੇ ਲਈ ਜਾਣਕਾਰੀ
- ਤੁਹਾਡਾ ਲਿੰਗ ਅਤੇ ਤੁਹਾਡੀ ਨਸਲੀ ਪਿਛੋਕੜ
- ਤੁਹਾਡੇ ਕੰਮ ਜਾਂ ਨੌਕਰੀ ਬਾਰੇ ਜਾਣਕਾਰੀ, ਜੇ ਤੁਸੀਂ ਕੰਮ ਕਰਦੇ ਹੋ, ਅਤੇ ਤੁਸੀਂ ਕਿੱਥੇ ਰਹਿੰਦੇ ਹੋ ਬਾਰੇ ਜਾਣਕਾਰੀ
- ਤੁਹਾਡੀਆਂ ਮੁੱਲਾਂਕਣਾ (ਅਸੈਸਮੈਂਟਸ) ਅਤੇ ਕੇਸ ਦੀਆਂ ਨਜ਼ਰਸਾਨੀਆਂ (ਕੇਸ ਰਿਵਿਯੂਜ਼) ਦਾ ਵੇਰਵਾ
- ਤੁਹਾਡਾ ਕੇਅਰ ਪਲੈਨ, ਜਿਸ ਵਿਚ ਤੁਹਾਨੂੰ ਮਿਲ ਚੁੱਕੇ ਇਲਾਜ ਬਾਰੇ ਜਾਣਕਾਰੀ ਵੀ ਸ਼ਾਮਿਲ ਹੋਵੇ ਅਤੇ ਭਵਿੱਖ ਲਈ ਇਲਾਜ ਬਾਰੇ ਕੀ ਪਲੈਨ ਕੀਤਾ ਗਿਆ ਹੈ
- ਸਾਡੇ ਅਤੇ ਦੂਸਰੇ ਲੋਕਾਂ ਦੇ ਦਰਮਿਆਨ ਚੱਲ ਰਿਹਾ ਚਿੱਠੀ ਪੱਤਰ ਜਿਵੇਂ ਕਿ ਤੁਹਾਡਾ ਜੀ ਪੀ, ਤੁਹਾਡਾ ਸੋਸ਼ਅਲ ਵਰਕਰ (ਜੇ ਤੁਹਾਡੇ ਪਾਸ ਹੈ ਤਾਂ), ਅਤੇ ਤੁਹਾਡੀ ਦੇਖਭਾਲ ਕਰਨੇ ਵਿਚ ਜਿਹੜੀਆਂ ਹੋਰ ਏਜੰਸੀਆਂ ਸ਼ਾਮਿਲ ਹਨ ਜਾਂ ਕੰਮ ਕਰ ਰਹੀਆਂ ਹਨ।

ਮਿਹਰਬਾਨੀ ਕਰਕੇ ਸਾਨੂੰ ਆਪਣੇ ਬਾਰੇ ਸਹੀ ਅਤੇ ਤਾਜ਼ਾ ਤਰੀਨ ਜਾਣਕਾਰੀ ਦਿਓ (ਜਿਸ ਵਿਚ ਜੇ ਤੁਹਾਡਾ ਪਤਾ ਜਾਂ ਸਿਰਨਾਵਾਂ ਬਦਲਿਆ ਹੈ, ਵੀ ਸ਼ਾਮਿਲ ਹੁੰਦਾ ਹੈ) ਤਾਂ ਕਿ ਤੁਹਾਨੂੰ ਸਭ ਤੋਂ ਮੁਨਾਸਿਬ ਕੇਅਰ ਅਤੇ ਇਲਾਜ ਦੇਣ ਵਿਚ ਸਾਨੂੰ ਮੱਦਦ ਮਿਲ ਸਕੇ।

ਅਸੀਂ ਤੁਹਾਡੀ ਜਾਣਕਾਰੀ ਨੂੰ ਆਪਣੇ ਸਥਾਨਕ ਇਲੈਕਟ੍ਰੌਨਿਕ ਹੈਲਥ ਦੇ ਰਿਕੌਰਡ ਸਿਸਟਮ ਉੱਤੇ ਦਰਜ ਕਰ ਲਵਾਂਗੇ। ਇਸ ਜਾਣਕਾਰੀ ਤੱਕ ਪਹੁੰਚ ਸਖ਼ਤ ਕੰਟ੍ਰੋਲ ਵਿਚ ਹੁੰਦੀ ਹੈ ਅਤੇ ਇਸ ਲਈ ਸਿਰਫ਼ ਇਜਾਜ਼ਤ ਜ਼ਰੂਰਤ ਪੈਣ ਦੇ ਆਧਾਰ ਤੇ ਹੀ ਦਿੱਤੀ ਜਾਂਦੀ ਹੈ। ਟਰੱਸਟ ਤੋਂ ਇਲਾਵਾ ਇਸ ਜਾਣਕਾਰੀ ਤੱਕ ਕਿਸੇ ਬਾਹਰਲੇ ਵਿਅਕਤੀ ਦੀ ਪਹੁੰਚ ਨਹੀਂ ਹੈ ਜਾਂ ਕਿਸੇ ਹੋਰ ਏਜੰਸੀਆਂ ਨੂੰ ਸਾਡੀ ਇਜਾਜ਼ਤ ਤੋਂ ਬਗੈਰ ਨਹੀਂ ਦਿੱਤੀ ਜਾਂਦੀ।

ਜ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਨਿੱਜੀ ਜਾਣਕਾਰੀ ਸਾਡੇ ਸਥਾਨਕ ਇਲੈਕਟ੍ਰੌਨਿਕ ਸਿਸਟਮ ਉੱਤੇ ਨਾ ਰੱਖੀ ਜਾਵੇ ਤਾਂ ਇਹ ਸੰਭਵ ਨਹੀਂ ਕਿ ਅਸੀਂ ਤੁਹਾਡੀ ਦੇਖਭਾਲ ਕਰ ਸਕੀਏ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਹੋਰ ਦੂਸਰੇ ਟਰੱਸਟ ਤੋਂ ਦੇਖਭਾਲ ਲਈ ਮੱਦਦ ਲੈਣੀ ਪਵੇ। ਇਹ ਉਹਨਾਂ ਵਿਅਕਤੀਆਂ ਉੱਤੇ ਵੀ ਲਾਗੂ ਹੁੰਦੀ ਹੈ ਜਿਹੜੇ ਟਰੱਸਟ ਲਈ ਕੰਮ ਕਰਦੇ ਹਨ ਅਤੇ ਸਰਵਿਸ ਨੂੰ ਵਰਤਣ ਵਾਲੇ ਵੀ ਹਨ। ਇਹ ਇਸ ਲਈ ਹੈ ਕਿ ਜੇ ਤੁਹਾਡੇ ਪਾਸ ਰਿਕੌਰਡ ਨਹੀਂ ਹੈ ਤਾਂ ਖ਼ਤਰਾ ਪੈਦਾ ਹੋ ਸਕਦਾ ਹੈ।

## ਤੁਹਾਡੇ ਨਾਲ ਸੰਪਰਕ ਕਰਨਾ

ਜੇ ਤੁਸੀਂ ਸਾਨੂੰ ਆਪਣਾ ਮੋਬਾਈਲ ਫ਼ੋਨ ਨੰਬਰ ਦੇ ਦਿਓ ਤਾਂ ਅਸੀਂ ਤੁਹਾਨੂੰ ਅਪੌਇੰਟਮੈਂਟਸ ਬਾਰੇ ਯਾਦ ਕਰਾਉਂਣ ਲਈ ਟੈਕਸਟ ਕਰਕੇ ਸੁਨੇਹੇ ਭੇਜ ਸਕਦੇ ਹਾਂ ਅਤੇ ਜਿਹੜੀ ਜਾਣਕਾਰੀ ਨਾਜ਼ੁਕ ਨਾ ਹੋਵੇ ਉਹ ਵੀ ਭੇਜ ਸਕਦੇ ਹਾਂ ਜਾਂ ਜਦ ਤੱਕ ਤੁਸੀਂ ਇਸ ਤਰ੍ਹਾਂ ਕਰਨ ਲਈ ਮਨ੍ਹਾ ਨਹੀਂ ਕਰਦੇ ਹੋ।

ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੀ ਸਿਹਤ ਬਾਰੇ ਤੁਹਾਡੇ ਨਾਲ ਈਮੇਲ ਦੇ ਜ਼ਰੀਏ ਗੱਲ ਬਾਤ ਕਰੀਏ ਤਾਂ ਤੁਹਾਨੂੰ ਸਾਡੇ 'ਪਰਮਿਸ਼ਨ ਟੂ ਯੂਜ਼ ਐਂਡ ਸ਼ੇਅਰ ਇੰਨਫ਼ੌਰਮੇਸ਼ਨ ਫ਼ੌਰਮ' ਨਾਲ ਲਾਜ਼ਮੀ ਹੀ ਸਹਿਮਤ ਹਣਾ ਪਵੇਗਾ। ਤੁਹਾਨੂੰ ਤੁਹਾਡੇ ਈਮੇਲ ਅਕਾਊਂਟ ਤੋਂ ਸਾਨੂੰ ਇੱਕ ਈਮੇਲ ਭੇਜਣੀ ਪਵੇਗੀ, ਜਿੱਥੇ ਅਸੀਂ ਤੁਹਾਨੂੰ ਜਾਣਕਾਰੀ ਭੇਜ ਸਕੀਏ। ਜੇ ਤੁਸੀਂ ਸਾਨੂੰ ਈਮੇਲ ਨਹੀਂ ਭੇਜੋਗੇ ਤਾਂ ਅਸੀਂ ਤੁਹਾਨੂੰ ਵਾਪਸ ਈਮੇਲ ਨਹੀਂ ਕਰ ਸਕਾਂਗੇ।

## ਤੁਹਾਡੇ ਰਿਕੌਰਡਜ਼ ਤੱਕ ਪਹੁੰਚ

ਤੁਹਾਨੂੰ ਤੁਹਾਡੇ ਹੈਲਥ ਦੇ ਰਿਕੌਰਡਜ਼ ਦੇਖਣ ਦਾ ਜਾਂ ਉਹਨਾਂ ਦੀ ਕੌਪੀ ਹਾਸਲ ਕਰਨ ਦਾ ਪੂਰਾ ਹੱਕ ਹੈ, ਚਾਹੇ ਉਹ ਕਾਗਜ਼ ਉੱਤੇ ਰੱਖੇ ਹੋਣ ਜਾਂ ਇਲੈਕਟ੍ਰੌਨਿਕਲੀ ਰੱਖੇ ਹੋਣ।

ਜੇ ਕੋਈ ਰਿਸ਼ਤੇਦਾਰ ਜਾਂ ਕੋਈ ਵਕੀਲ ਜਾਂ ਕੋਈ ਹੋਰ ਵਿਅਕਤੀ ਤੁਹਾਡੇ ਪੱਖ ਤੋਂ ਜਾਣਕਾਰੀ ਤੱਕ ਪਹੁੰਚਣ ਲਈ ਅਰਜ਼ ਕਰ ਰਿਹਾ ਹੈ ਤਾਂ ਤੁਹਾਨੂੰ ਲਿਖਤੀ ਰੂਪ ਵਿਚ ਆਪਣੀ ਰਜ਼ਾਮੰਦੀ ਦੇਣੀ ਪਵੇਗੀ। ਇਹ ਉਸ ਵਕਤ ਹੀ ਨਾਲ ਭੇਜ ਦੇਣੀ ਚਾਹੀਦੀ ਹੈ ਜਦੋਂ ਉਹ ਰਸਮੀ ਤੌਰ ਤੇ ਆਪਣੀ ਅਰਜ਼ੀ ਦਿੰਦੇ ਹਨ। ਜੇ ਇਸ ਤਰ੍ਹਾਂ ਨਾ ਹੋਇਆ ਤਾਂ ਅਰਜ਼ੀ ਨੂੰ ਦੇਰ ਲੱਗ ਸਕਦੀ ਹੈ, ਜਦ ਤੱਕ ਅਸੀਂ ਉਹਨਾਂ ਤੋਂ ਤੁਹਾਡੀ ਸਹਿਮਤੀ ਨਹੀਂ ਲੈ ਲੈਂਦੇ। ਹੋ ਸਕਦਾ ਹੈ ਕਿ ਤੁਹਾਡੇ ਰਿਕੌਰਡ ਦੇਣ ਲਈ ਉਹਨਾਂ ਨੂੰ ਕੁਝ ਪੈਸੇ ਦੇਣੇ ਪੈਣ।

ਤੁਹਾਡੇ ਹੈਲਥ ਦੇ ਰਿਕੌਰਡ ਦੇਖਣ ਲਈ ਸ਼ਾਇਦ 40 ਦਿਨਾਂ ਤੱਕ ਵਕਤ ਲੱਗ ਸਕਦਾ ਹੈ, ਹਾਲਾਂ ਕਿ ਸਾਡਾ ਮਕਸਦ 21 ਦਿਨਾਂ ਦੇ ਅੰਦਰ ਅੰਦਰ ਜਵਾਬ ਦੇਣ ਦਾ ਹੁੰਦਾ ਹੈ।

ਜੇ ਤੁਸੀਂ ਆਪਣੇ ਰਿਕੌਰਡ ਦੇਖਣਾ ਜਾਂ ਉਹਨਾਂ ਦੀ ਕੌਪੀ ਲੈਣਾ ਚਾਹੁੰਦੇ ਹੋ ਤਾਂ ਉਸ ਮੈਨੇਜਰ ਨਾਲ ਸੰਪਰਕ ਕਰੋ, ਜਿੱਥੋਂ ਤੁਹਾਨੂੰ ਕੇਅਰ ਮਿਲੀ ਸੀ। ਜੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਇਹ ਕੌਣ ਹਨ ਤਾਂ ਇੰਨਫੌਰਮੇਸ਼ਨ ਗੌਵਰਨੈਂਨਸ ਟੀਮ ਨਾਲ ਇਸ ਪਤੇ ਤੇ ਸੰਪਰਕ ਕਰੋ:

ਈਮੇਲ: foirequest@eastlondon.nhs.uk

ਪੋਸਟ: **Information Governance Manager**
Trust HQ, EastONE
22 Commercial St, London E1 6LP

ਵਧੇਰੇ ਜਾਣਕਾਰੀ ਟਰੱਸਟ ਦੇ ਇਸ ਵੈਬਸਾਈਟ ਤੋਂ ਮਿਲ ਸਕਦੀ ਹੈ
http://www.eastlondon.nhs.uk

ਮਿਹਰਬਾਨੀ ਕਰਕੇ ਇਹ ਨੋਟ ਕਰੋ ਕਿ ਕਈ ਮੌਕੇ ਇਹੋ ਜਿਹੇ ਵੀ ਹੋ ਸਕਦੇ ਹਨ ਜਦੋਂ ਸਾਨੂੰ ਕਾਨੂੰਨੀ ਤੌਰ ਤੇ ਤੁਹਾਡੀ ਜ਼ਰੂਰਤ ਦੀ ਸਾਰੀ ਜਾਣਕਾਰੀ ਦਿਖਾਉਂਣ ਤੋਂ ਰੋਕਿਆ ਜਾਵੇ।

## ਇਹੋ ਜਿਹੀ ਜਾਣਕਾਰੀ ਸਾਂਝੀ ਕਰਨੀ ਜਿਸ ਨਾਲ ਤੁਹਾਡੀ ਪਹਿਚਾਣ ਨਾ ਕੀਤੀ ਜਾ ਸਕੇ

ਕਈ ਵਾਰੀ ਦੂਸਰੀਆਂ ਏਜੰਸੀਆਂ ਨਾਲ ਅਸੀਂ ਉਹ ਜਾਣਕਾਰੀ ਸਾਂਝੀ ਕਰਦੇ ਹਾਂ ਜਿਸ ਨਾਲ ਤੁਹਾਡੀ ਪਹਿਚਾਣ ਨਹੀਂ ਕੀਤੀ ਜਾ ਸਕਦੀ- ਜਿਵੇਂ ਕਿ ਸਾਡੇ ਕਮਿਸ਼ਨਰਜ਼, ਜੋ ਤੁਹਾਡੀ ਕੇਅਰ ਲਈ ਪੈਸਿਆਂ ਦਾ ਇੰਤਜ਼ਾਮ ਕਰਦੇ ਹਨ। ਜਦੋਂ ਅਸੀਂ ਇਸ ਤਰ੍ਹਾਂ ਕਰਦੇ ਹਾਂ ਤਾਂ ਅਸੀਂ ਉਹ ਜਾਣਕਾਰੀ ਹਟਾ ਦਿੰਦੇ ਹਾਂ ਜਿਸ ਨਾਲ ਤੁਹਾਡੀ ਪਹਿਚਾਣ ਹੋ ਸਕਦੀ ਹੋਵੇ। ਅਸੀਂ ਇਸਨੂੰ 'ਐਨੋਨਿਮਾਇਜ਼ਡ (ਗੁਮਨਾਮ)' ਜਾਂ 'ਪਸੀਉਡੋਨੀਮਾਇਜ਼ਡ (ਬਨਾਉਟੀ)' ਜਾਣਕਾਰੀ ਕਹਿੰਦੇ ਹਾਂ।

## ਤੁਹਾਡੀ ਇਜਾਜ਼ਤ ਹਾਲਸ ਕਰਨੀ

ਕੰਮ ਕਰਨ ਵਾਲਾ ਉਹ ਵਿਅਕਤੀ ਜਿਹੜਾ ਤੁਹਾਡੀ ਕੇਅਰ ਵਿਚ ਸ਼ਾਮਿਲ ਹੈ ਉਹ ਤੁਹਾਡੇ ਤੋਂ ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਕਰਨ ਲਈ ਤੁਹਾਡੀ ਇਜਾਜ਼ਤ ਮੰਗੇਗਾ। ਕਿਹੜੀ ਜਾਣਕਾਰੀ ਤੁਸੀਂ ਸਾਂਝੀ ਕਰ ਸਕਦੇ ਹੋ, ਜਾਂ ਕਿਸ ਨਾਲ ਸਾਂਝੀ ਕਰ ਸਕਦੇ ਹ, ਬਾਰੇ ਹੋ ਸਕਦਾ ਹੈ ਕਿ ਤੁਸੀਂ ਮਨ੍ਹਾ ਕਰ ਦੇਵੋ ਜਾਂ ਸੀਮਿਤ ਕਰ ਦੇਵੋ। ਜੇ ਤੁਸੀਂ ਜਾਣਕਾਰੀ ਸਾਂਝੀ ਕਰਨ ਤੋਂ ਮਨ੍ਹਾ ਕਰ ਦੇਵੋ ਤਾਂ ਕਈ ਵਾਰੀ ਹੋ ਸਕਦਾ ਹੈ ਕਿ ਅਸੀਂ ਤੁਹਾਡੀ ਦੇਖਭਾਲ ਨਾ ਕਰ ਸਕੀਏ।

ਤੁਹਾਡੇ ਤੋਂ ਇੱਕ ਫ਼ੌਰਮ ਉੱਤੇ ਦਸਤਖ਼ਤ ਕਰਨੇ ਲਈ ਕਿਹਾ ਜਾਵੇਗਾ ਜਿਸ ਦਾ ਨਾਮ ਹੈ 'ਪਰਮਿਸ਼ਨ ਟੂ ਯੂਜ਼ ਐਂਡ ਸ਼ੇਅਰ' ਜਿਸ ਨੂੰ ਤੁਸੀਂ ਸਵੀਕਾਰ ਕਰਕੇ ਆਪਣੀ ਰਜ਼ਾਮੰਦੀ ਦਿੰਦੇ ਹੋ। ਪੂਰੇ ਤੌਰ ਤੇ ਇਜਾਜ਼ਤ ਦੇਣ ਦਾ ਮਤਲਬ ਹੈ ਕਿ ਤੁਹਾਡੀ ਨਿੱਜੀ ਜਾਣਕਾਰੀ ਤੁਹਾਡੇ ਰਿਸ਼ਤੇਦਾਰਾਂ, ਕੇਅਰਰਜ਼ ਨਾਲ ਅਤੇ ਦੂਸਰੀਆਂ ਸਰਵਿਸਿਜ਼ ਅਤੇ ਏਜੰਸੀਆਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ ਤਾਂ ਕਿ ਉਹ ਤੁਹਾਡੇ ਲਈ ਅੱਛੀ ਤੋਂ ਅੱਛੀ ਕੇਅਰ ਪੇਸ਼ ਕਰ ਸੱਕਣ।

'ਪਰਮਿਸ਼ਨ ਟੂ ਯੂਜ਼ ਐਂਡ ਸ਼ੇਅਰ' ਦੇ ਫ਼ੌਰਮ ਉੱਤੇ ਸਾਈਨ ਕਰਨ ਤੋਂ ਪਹਿਲਾਂ ਤੁਹਾਨੂੰ ਲਾਜ਼ਮੀ ਹੀ ਇਹ ਸਮਝਣਾ ਪਵੇਗਾ ਕਿ ਤੁਸੀਂ ਕਿਸ ਚੀਜ਼ ਲਈ ਰਾਜ਼ਾਮੰਦੀ ਦੇ ਰਹੇ ਹੋ।

ਹੋ ਸਕਦਾ ਹੈ ਕਿ ਕੁਝ ਤਰ੍ਹਾਂ ਦੀਆਂ ਐਮਰਜੈਂਸੀਆਂ ਵਿਚ ਜਾਂ ਜਦੋਂ ਕਾਨੂੰਨ ਦੀ ਮੰਗ ਹੁੰਦੀ ਹੈ ਤਾਂ ਅਸੀਂ ਉਹਨਾਂ ਪਾਬੰਧੀਆਂ ਨੂੰ ਨਜ਼ਰਅੰਦਾਜ਼ ਕਰ ਦੇਈਏ।

ਅਸੀਂ ਤੁਹਾਡੀ ਜਾਣਕਾਰੀ ਕਿਸ ਤਰ੍ਹਾਂ ਵਰਤਦੇ ਜਾਂ ਸਾਂਝੀ ਕਰਦੇ ਹਾਂ ਬਾਰੇ ਜੇ ਤੁਹਾਡੇ ਪਾਸ ਕੋਈ ਵੀ ਸਵਾਲ ਜਾਂ ਚਿੰਤਾਵਾਂ ਹਨ ਤਾਂ ਮਿਹਰਬਾਨੀ ਕਰਕੇ ਤੁਹਾਡੀ ਕੇਅਰ ਵਿਚ ਸ਼ਾਮਿਲ ਵਰਕਰ ਨਾਲ ਗੱਲ ਕਰੋ ਜੋ ਸਾਡੇ ਸਥਾਨਕ ਇਲੈਕਟ੍ਰੌਨਿਕ ਸਿਸਟਮ ਉੱਤੇ ਦਰਜ ਹੈ।

ਕਈ ਰਿਕੌਰਡ ਜਿਹਨਾਂ ਵਿਚ ਸਾਡੇ ਪੁਰਾਣੇ ਰਿਕੌਰਡ ਵੀ ਸ਼ਾਮਿਲ ਹਨ, ਕਾਗਜ਼ ਦੀਆਂ ਕੇਸ ਫ਼ਾਇਲਾਂ ਵਿਚ ਰੱਖੇ ਹੋਏ ਹਨ।

ਮਿਹਰਬਾਨੀ ਕਰਕੇ ਨੋਟ ਕਰੋ ਕਿ ਅਸੀਂ ਤੁਹਾਡੀ ਹੈਲਥ ਬਾਰੇ ਜਾਣਕਾਰੀ ਨੈਸ਼ਨਲ (ਕੌਮੀ) ਸਮਰੀ ਕੇਅਰ ਰਿਕੌਰਡ ਲਈ ਅੱਪਲੋਡ ਨਹੀਂ ਕਰਦੇ।

## ਗੁੱਪਤਤਾ

ਸਾਨੂੰ ਪਤਾ ਹੈ ਕਿ ਜਿਹੜੀ ਜਾਣਕਾਰੀ ਤੁਸੀਂ ਸਾਨੂੰ ਦਿੰਦੇ ਹੋ ਉਹ ਨਾਜ਼ੁਕ ਹੋ ਸਕਦੀ ਹੈ ਅਤੇ ਅਸੀਂ ਉਸਨੂੰ ਗੁੱਪਤ ਰੱਖਣ ਦੀ ਇੱਜ਼ਤ ਕਰਦੇ ਹਾਂ।

ਤੁਹਾਡੀ ਜਾਣਕਾਰੀ ਨੂੰ ਗੁੱਪਤ ਰੱਖਣਾ ਕਾਨੂੰਨੀ ਤੌਰ ਤੇ ਸਾਡਾ ਫ਼ਰਜ਼ ਹੈ। ਇਸ ਦਾ ਮਤਲਬ ਇਹ ਹੈ ਕਿ ਅਸੀ ਉਸਨੂੰ ਹਿਫ਼ਾਜ਼ਤ ਨਾਲ ਸਟੋਰ ਕਰਦੇ ਹਾਂ ਅਤੇ ਉਸ ਤੱਕ ਕਿਸੇ ਦੀ ਪਹੁੰਚ ਉੱਤੇ ਕੰਟ੍ਰੋਲ ਰੱਖਦੇ ਹਾਂ।

ਜਦੋਂ ਅਸੀਂ ਜਾਣਕਾਰੀ ਨੂੰ ਇਸ ਲਈ ਵਰਤਦੇ ਹਾਂ ਕਿ ਸਾਨੂੰ ਕੁਸ਼ਲ ਅਤੇ ਅਸਰਦਾਰ ਸਰਵਿਸਿਜ਼ ਪੇਸ਼ ਕਰਨ ਵਿਚ ਮੱਦਦ ਮਿਲ ਸਕੇ ਤਾਂ ਅਸੀਂ ਉਹ ਜਾਣਕਾਰੀ ਸਾਂਝੀ ਨਹੀਂ ਕਰਦੇ ਜਿਸ ਨਾਲ ਤੁਹਾਡੀ ਨਿੱਜੀ ਪਹਿਚਾਣ ਦਾ ਪਤਾ ਲਗ ਸਕੇ।

## ਅਸੀਂ ਤੁਹਾਡੀ ਜਾਣਕਾਰੀ ਕਿਸ ਲਈ ਵਰਤਦੇ ਹਾਂ?

**ਅਸੀਂ ਤੁਹਾਡੀ ਨਿੱਜੀ ਜਾਣਕਾਰੀ ਹੇਠਾਂ ਲਿਖੀਆਂ ਗੱਲਾਂ ਲਈ ਵਰਤਦੇ ਹਾਂ :**

- ਤੁਹਾਨੂੰ ਦੋਵੇਂ ਹੁਣ ਅਤੇ ਭਵਿੱਖ ਵਿਚ ਅਸਰਦਾਰ ਅਤੇ ਮੁਨਾਸਿਬ ਕੇਅਰ ਪੇਸ਼ ਸਕੀਏ
- ਸਾਡੇ ਫ਼ੈਸਲੇ ਸਮਝਾ ਸਕੀਏ
- ਜੇ ਤੁਸੀਂ ਸ਼ਿਕਾਇਤ ਕਰਦੇ ਹੋ ਤਾਂ ਉਸ ਦੀ ਛਾਣ ਬੀਣ ਕਰਨ ਵਿਚ ਸਾਨੂੰ ਮੱਦਦ ਮਿਲ ਸਕੇ
- ਸਾਡੇ ਵਲੋਂ ਪੇਸ਼ ਹੋਣੇ ਵਾਲੀ ਕੇਅਰ ਨੂੰ ਮੌਨੀਟਰ ਕਰ ਸਕੀਏ ਅਤੇ ਉਸ ਦਾ ਲੇਖਾ-ਪੜਤਾਲ ਕਰ ਸਕੀਏ

**ਅਸੀਂ ਜਾਣਕਾਰੀ ਇਸ ਤਰ੍ਹਾਂ ਵਰਤਦੇ ਹਾਂ ਜਿਸ ਨਾਲ ਹੇਠਾਂ ਲਿਖਿਆਂ ਨੂੰ ਤੁਹਾਡੀ ਪਹਿਚਾਣ ਨਾ ਮਿਲ ਸਕੇ:**

- ਭਵਿੱਖ ਲਈ ਸਰਵਿਸਿਜ਼ ਪਲੈਨ ਕਰਨੀਆਂ
- ਆਪਣੇ ਕੰਮ ਨੂੰ ਮੌਨੀਟਰ ਕਰਨਾ, ਇਹ ਨਿਸਚਿਤ ਕਰਨ ਲਈ ਕਿ ਅਸੀਂ ਉੱਚੇ ਦਰਜੇ ਦੀ, ਕੁਸ਼ਲ ਅਤੇ ਅਸਰਦਾਰ ਸਰਵਿਸਿਜ਼ ਪੇਸ਼ ਕਰਦੇ ਹਾਂ
- ਸਥਾਨਕ ਜਨਤਾ ਦੀ ਸਿਹਤ ਜਾਂ ਤੰਦਰੁਸਤੀ ਦੀ ਰੱਖਿਆ ਕਰਨ ਵਿਚ ਮੱਦਦ ਕਰਨੀ
- ਹਰ ਇੱਕ ਨਾਲ ਉਚਿੱਤ ਤ੍ਰੀਕੇ ਨਾਲ ਵਰਤਾਓ ਕਰਨਾ।

## ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਕਰਨੀ

**ਟਰੱਸਟ ਵਿਚ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਹੇਠਾਂ ਲਿਖੀਆਂ ਗੱਲਾਂ ਲਈ ਸਾਂਝੀ ਕਰਦ ਹਾਂ:**

- ਇਹ ਨਿਸਚਿਤ ਕਰਦੇ ਹਾਂ ਕਿ ਸਾਡੀ ਟੀਮ ਦੇ ਬਹੁਅਨੁਸ਼ਾਸਕ ਵਿਅਕਤੀ ਤੁਹਾਡੀ ਦੇਖਭਾਲ ਕਰਨੇ ਨੂੰ ਦੇਖ ਸੱਕਣ ਅਤੇ ਇਸ ਲਈ ਮੁਨਾਸਿਬ ਜਾਣਕਾਰੀ ਸ਼ਾਮਿਲ ਕਰ ਸੱਕਣ। ਬਹੁਅਨੁਸ਼ਾਸਕ ਟੀਮਜ਼ ਵਿਚ ਸੋਸ਼ਅਲ ਵਰਕਰਜ਼ ਅਤੇ ਹੋਰ ਦੂਸਰੇ ਪੇਸ਼ਾਵਰ ਸ਼ਾਮਿਲ ਹੁੰਦੇ ਹਨ ਜਿਹੜੇ ਤੁਹਾਡੀ ਦੇਖਭਾਲ ਕਰਨੇ ਵਿਚ ਹਿੱਸਾ ਪਾਉਂਦੇ ਹਨ। ਅਸੀਂ ਇਹ ਨਿਸਚਿਤ ਕਰਨੇ ਲਈ ਕੌਨਟ੍ਰੈਕਟਸ (ਇਕਰਾਰਨਾਵੇਂ) ਵੀ ਤਿਆਰ ਕੀਤੇ ਹੋਏ ਹਨ ਤਾਂ ਕਿ ਉਹ ਟਰੱਸਟ ਦੀਆਂ ਗੁੱਪਤਤਾ ਦੀਆਂ ਪੌਲਿਸੀਆਂ ਅਤੇ ਕਾਰਵਾਈਆਂ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰ ਸੱਕਣ।

**ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੂਸਰੀਆਂ ਏਜੰਸੀਆਂ ਨਾਲ ਸਾਂਝੀ ਕਰਦੇ ਹਾਂ ਤਾਂ ਕਿ:**

- ਤੁਹਾਨੂੰ ਤੁਹਾਡੀ ਜ਼ਰੂਰਤ ਦੀ ਕੇਅਰ ਅਤੇ ਸਰਵਿਸਿਜ਼ ਪੇਸ਼ ਕਰਨ ਵਿਚ ਮੱਦਦ ਮਿਲ ਸਕੇ।

**ਜਿਹੜੀਆਂ ਏਜੰਸੀਆਂ ਨਾਲ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਕਰਾਂਗੇ ਉਹਨਾਂ ਵਿਚ ਇਹ ਸ਼ਾਮਿਲ ਹਨ:**

- ਤੁਹਾਡਾ ਜੀ ਪੀ
- ਦੂਸਰੀਆਂ ਹੈਲਥ ਦੀਆਂ ਸੰਸਥਾਵਾਂ – ਜਿਵੇਂ ਕਿ, ਹਸਪਤਾਲ
- ਹਾਊਜ਼ਿੰਗ ਡਿਪਾਰਟਮੈਂਟ ਜਾਂ ਹਾਊਜ਼ਿੰਗ ਏਜੰਸੀਆਂ
- ਬੈਨਿਫ਼ਿਟਸ ਏਜੰਸੀ।

**ਤੁਹਾਡੇ ਕੇਅਰਰ (ਦੇਖਭਾਲ ਕਰਨ ਵਾਲੇ) ਜਾਂ ਪਰਿਵਾਰ ਨਾਲ ਜਾਣਕਾਰੀ ਸਾਂਝੀ ਕਰਨੀ**

**ਅਸੀਂ ਤੁਹਾਡੀ ਨਿੱਜੀ ਜਾਣਕਾਰੀ ਤੁਹਾਡੇ ਕੇਅਰਰ ਜਾਂ ਤੁਹਾਡੇ ਪਰਿਵਾਰ ਨਾਲ ਤਾਂ ਸਾਂਝੀ ਕਰਦੇ ਹਾਂ ਜਦੋਂ ਤੁਸੀਂ :**

- ਆਪਣੀ ਇਜਾਜ਼ਤ ਦੇ ਦਿੱਤੀ ਹੋਵੇ
- ਜਦੋਂ ਤੁਹਾਡੇ ਪਾਸ ਆਪਣੇ ਖ਼ੁੱਦ ਦੇ ਫ਼ੈਸਲੇ ਲੈਣ ਦੀ ਸਮਰੱਥਾ ਨਾ ਹੋਵੇ
- ਇੱਕ ਜਵਾਨ ਵਿਅਕਤੀ ਹੋ ਜੋ ਆਪਣੀ ਦੇਖਭਾਲ ਕਰਨੇ ਬਾਰੇ ਫ਼ੈਸਲੇ ਕਰਨ ਦੇ ਯੋਗ ਨਾ ਹੋਵੇ
- ਪਰਿਵਾਰ ਦੀ ਦੇਖਭਾਲ ਕਰਨੇ ਵਿਚ ਸ਼ਾਮਿਲ ਹੋਵੋ ਅਤੇ ਤੁਸੀਂ ਪਰਿਵਾਰ ਅਤੇ ਇਲਾਜ ਦੇ ਸੈਸ਼ਨਜ਼ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਮਨਜ਼ੂਰ ਕੀਤਾ ਹੋਵੇ

ਜਾਣਕਾਰੀ ਸਾਂਝੀ ਕਰਨ ਦੀ ਉਦੋਂ ਹੀ ਇਜਜ਼ਾਤ ਦਿੱਤੀ ਜਾਂਦੀ ਹੈ ਜਦੋਂ ਇਸ ਦੀ ਅਸਲੀ ਤੌਰ ਤੇ ਜ਼ਰੂਰਤ ਹੋਵੇ। ਤੁਹਾਡੀ ਕੇਅਰ ਵਿਚ ਜਿਹੜਾ ਹੈਲਥ ਦਾ ਪੇਸ਼ਾਵਰ (ਪ੍ਰੋਫ਼ੈਸ਼ਨਲ) ਸ਼ਾਮਿਲ ਹੋਵੇਗਾ ਉਹ ਸਮਝਾ ਸਕਦਾ ਹੈ ਕਿ ਕਿਹੜੀ ਨਿੱਜੀ ਜਾਣਕਾਰੀ ਸਾਂਝੀ ਕਰਨੇ ਦੀ ਲੋੜ ਹੈ ਅਤੇ ਇਹ ਕਿਸ ਤਰ੍ਹਾਂ ਕੀਤੀ ਜਾਵੇਗੀ।

ਅਸੀਂ ਸਿਰਫ਼ ਘੱਟ ਤੋਂ ਘੱਟ ਜਾਣਕਾਰੀ ਸਾਂਝੀ ਕਰਦੇ ਹਾਂ ਜਿਸ ਨਾਲ ਅੱਛੇ ਤੋਂ ਅੱਛਾ ਇਲਾਜ, ਕੇਅਰ ਅਤੇ ਤੁਹਾਡੇ ਲਈ ਅਤੇ ਦੂਸਰਿਆਂ ਲਈ ਸੁਰੱਖਿਆ ਪੇਸ਼ ਕਰ ਸਕੀਏ। ਇਹ ਸਖ਼ਤੀ ਨਾਲ 'ਜਾਨਣੇ ਦੀ ਜ਼ਰੂਰਤ' ਦੇ ਆਧਾਰ ਤੇ ਹੁੰਦਾ ਹੈ। ਜਿਸ ਨੂੰ ਵੀ ਤੁਹਾਡੇ ਬਾਰੇ ਜਾਣਕਾਰੀ ਮਿਲ ਰਹੀ ਹੈ, ਉਸ ਦਾ ਵੀ ਜਾਣਕਾਰੀ ਨੂੰ ਕਾਨੂੰਨੀ ਤੌਰ ਤੇ ਗੁੱਪਤ ਰੱਖਣ ਦਾ ਉਨਾ ਹੀ ਫ਼ਰਜ਼ ਹੁੰਦਾ ਹੈ।

ਦੂਸਰੀਆਂ ਏਜੰਸੀਆਂ ਅਤੇ ਵਿਅਕਤੀਗੱਤ ਲੋਕ ਵੀ ਤੁਹਾਡੇ ਬਾਰੇ ਜਾਣਕਾਰੀ ਸਾਂਝੀ ਕਰਨਗੇ ਤਾਂ ਕਿ ਤੁਹਾਡੀ ਕੇਅਰ ਕਰਨ ਵਿਚ ਸਾਨੂੰ ਮੱਦਦ ਮਿਲ ਸਕੇ।

ਅਸੀਂ ਤੁਹਾਡੇ ਕੇਅਰਰ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਵੀ ਇਸ ਤਰ੍ਹਾਂ ਕਰਨ ਲਈ ਉਤਸਾਹਿਕ ਕਰਦੇ ਹਾਂ ਕਿ ਉਹ ਸਾਨੂੰ ਚੰਗੀ ਤਰ੍ਹਾਂ ਨਾਲ ਸਮਝਾ ਸੱਕਣ ਕਿ ਤੁਹਾਨੂੰ ਕਿਸ ਤਰ੍ਹਾਂ ਦੀ ਕੇਅਰ ਦੀ ਜ਼ਰੂਰਤ ਹੈ।

**ਤੁਹਾਡੀ ਇਜਾਜ਼ਤ ਤੋਂ ਬਿਨਾਂ ਤੁਹਾਡੇ ਬਾਰੇ ਜਾਣਕਾਰੀ ਸਾਂਝੀ ਕਰਨੀ ਬਹੁਤ ਸਖ਼ਤੀ ਨਾਲ ਕਾਨੂੰਨ ਵਲੋਂ ਕੰਟ੍ਰੋਲ ਕੀਤੀ ਜਾਂਦੀ ਹੈ।**